# ਪ੍ਰਧਾਨ ਮੰਤਰੀ ਦੀ ਫਰਾਂਸੀਸੀ ਪੁਲਾੜ ਯਾਤਰੀ, ਪਾਇਲਟ ਅਤੇ ਅਦਾਕਾਰ ਥਾਮਸ ਪੇਸਕੇਟ ਨਾਲ ਮੁਲਾਕਾਤ

14 ਜੁਲਾਈ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਮਿਸਟਰ ਥਾਮਸ ਪੇਸਕੇਟ ਜੋ ਕਿ ਇੱਕ ਫਰਾਂਸੀਸੀ ਏਰੋਸਪੇਸ ਇੰਜੀਨੀਅਰ, ਪਾਇਲਟ, ਯੂਰਪੀਅਨ ਸਪੇਸ ਏਜੰਸੀ ਦੇ ਪੁਲਾੜ ਯਾਤਰੀ ਅਤੇ ਅਦਾਕਾਰ ਹਨ, ਨਾਲ 14 ਜੁਲਾਈ 2023 ਨੂੰ ਪੈਰਿਸ ਵਿੱਚ ਮੁਲਾਕਾਤ ਕੀਤੀ।

ਪ੍ਰਧਾਨ ਮੰਤਰੀ ਨੇ ਪੁਲਾੜ ਖੇਤਰ ਵਿੱਚ, ਖਾਸ ਤੌਰ 'ਤੇ ਸਟਾਰਟਅੱਪ ਨੂੰ ਉਤਸ਼ਾਹਿਤ ਕਰਨ ਅਤੇ ਨਿੱਜੀ ਖੇਤਰ ਵਿੱਚ ਸਾਂਝੇਦਾਰੀ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰਨ ਵਿੱਚ ਮਿਸਟਰ ਪੇਸਕੇਟ ਨਾਲ ਭਾਰਤ ਦੀ ਪ੍ਰਗਤੀ ਨੂੰ ਸਾਂਝਾ ਕੀਤਾ। ਪ੍ਰਧਾਨ ਮੰਤਰੀ ਨੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਦੇ ਨਾਲ-ਨਾਲ ਪੁਲਾੜ ਖੇਤਰ ਵਿੱਚ ਸਹਿਯੋਗ ਦੀ ਪੜਚੋਲ ਕਰਨ ਲਈ ਮਿਸਟਰ ਪੇਸਕੇਟ ਨੂੰ ਭਾਰਤ ਦਾ ਦੌਰਾ ਕਰਨ ਲਈ ਸੱਦਾ ਦਿੱਤਾ।

ਮਿਸਟਰ ਪੇਸਕੇਟ ਨੇ ਪ੍ਰਧਾਨ ਮੰਤਰੀ ਨਾਲ ਇੱਕ ਪੁਲਾੜ ਯਾਤਰੀ ਦੇ ਤੌਰ 'ਤੇ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਭਵਿੱਖ ਦੇ ਪੁਲਾੜ ਪ੍ਰੋਗਰਾਮਾਂ ਅਤੇ ਤਕਨਾਲੋਜੀਆਂ ਦੇ ਸੰਭਾਵਿਤ ਰੂਪਾਂ ਬਾਰੇ ਚਰਚਾ ਕੀਤੀ।

**ਪੈਰਿਸ**
**14 ਜੁਲਾਈ, 2023**